# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ, ਚੰਡੀਗੜ੍ਹ

**ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ :**
**0172-504344,ਫੈਕਸ:0172-5043244**
**ਈ-ਮੇਲ: ddssaestb@gmail.com**

---

ਹੁਕਮ ਨੰ: 17/2-2012 ਇੰਨਫੋਰਸਮੈਂਟ ਸੈਲ(2)/R00੩117-੨੧

ਮਿਤੀ ਚੰਡੀਗੜ੍ਹ : 05-03-2013

ਇਸ ਦਫਤਰ ਦੇ ਮੀਮੋ ਨੰ:-17/2-2012ਇੰਨ(2)/ਆਰ:00691 ਮਿਤੀ 30-01-2013 ਰਾਹੀਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚੋਂ ਲੰਬੇ ਸਮੇਂ ਤੇ ਗੈਰ-ਹਾਜ਼ਰ ਸਨ। ਜੋ ਵਿਭਾਗ ਨੂੰ **Abandon** ਕਰ ਗਏ ਸਨ, ਦੀਆਂ ਸੇਵਾਵਾਂ ਸਮਾਪਤ ਕਰਨ ਲਈ **'Hindustan Times"** ਅਖਬਾਰ ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਸੀ।ਇਸ ਨੋਟਿਸ ਰਾਹੀਂ **ਸ੍ਰੀਮਤੀ ਹਰਿੰਦਰ ਪਾਲ ਕੌਰ, ਐਸ.ਐਸ.ਮਾਸਟਰ,ਸਮਸ ਬਬਨਪੁਰ ਹੁਣ ਸਹਸ ਹਰਿਆਊ, ਜਿਲਾ ਸੰਗਰੂਰ** ਜੋ ਮਿਤੀ **1.9.2007 ਤੋ ਲਗਾਤਾਰ** ਗੈਰਹਾਜਰ ਚਲ ਰਹੇ ਹਨ, ਨੂੰ ਆਪਣਾ ਪੱਖ ਪੇਸ਼ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ।ਪਰੰਤੂ ਕਰਮਚਾਰਨ ਵੱਲੋ ਨਾ ਤਾਂ ਕੋਈ ਲਿਖਤੀ ਬੇਨਤੀ ਪ੍ਰਾਪਤ ਹੋਈ ਹੈ ਅਤੇ ਨਾਂ ਹੀ ਉਹ ਖੁਦ ਹਾਜ਼ਰ ਹੋ ਕੇ ਸਹੀਕਰਤਾ ਪਾਸ ਆਪਣਾ ਪੱਖ ਪੇਸ਼ ਕਰ ਸਕੇ ਹਨ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ **ਸ੍ਰੀਮਤੀ ਹਰਿੰਦਰ ਪਾਲ ਕੌਰ,ਐਸ.ਐਸ.ਮਾਸਟਰ, ਸਮਸ ਬਬਨਪੁਰ ਹੁਣ ਸਹਸ ਹਰਿਆਊ,ਜਿਲਾ ਸੰਗਰੂਰ** ਸਰਕਾਰੀ ਨੌਕਰੀ ਕਰਨ ਦੀ ਚਾਹਵਾਨ ਨਹੀਂ ਹੈ।ਉਸ ਦੀ ਅਣ-ਅਧਿਕਾਰਤ ਗੈਰ-ਹਾਜ਼ਰੀ ਨਾਲ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਅਤੇ ਸਕੂਲ ਵਿੱਚ ਟੀਚਿੰਗ-ਲਰਨਿੰਗ ਮਾਹੌਲ ਤੇ ਮਾੜਾ ਅਸਰ ਪਿਆ ਹੈ ।

ਮਾਨਯੋਗ ਸੁਪਰੀਮ ਕੋਰਟ ਵੱਲੋਂ ਵੱਖ ਵੱਖ ਕੇਸਾਂ ਵਿੱਚ ਫੈਸਲਾ ਕਰਦੇ ਸਮੇਂ ਲਿਖਿਆ ਗਿਆ ਹੈ ਕਿ ਲੰਬੇ ਸਮੇਂ ਤੋਂ ਗੈਰਹਾਜਰ ਮੁਲਾਜ਼ਮ ਦੀ ਗੈਰ-ਹਾਜਰੀ ਨੂੰ ਨੌਕਰੀ ਤੋਂ **Abandonment** ਸਮਝ ਕੇ ਕਾਰਵਾਈ ਕਰਨੀ ਜਾਇਜ਼ ਹੈ।ਮਾਨਯੋਗ ਸੁਪਰੀਮ ਕੋਰਟ ਵੱਲੋਂ ਖਾਸ ਤੌਰ ਤੇ **AIR 1974 SC 1890** ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਹੈ:-

**"That in such a case, long unathorized absence may reasonably give rise to an inference that such service is intended to be abandoned by the employee, being a case of abandonment of servcice,no notice/Inquiry is required".**

ਮਾਨਯੋਗ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੇ ਮੱਦੇਨਜ਼ਰ ਇਹ ਸਪੱਸ਼ਟ ਹੈ ਕਿ ਜੇਕਰ ਕੋਈ ਕਰਮਚਾਰੀ ਵਿਭਾਗ ਨੂੰ ਬਿਨ੍ਹਾਂ ਦੱਸੇ , ਜਾਂ ਪ੍ਰਵਾਨਤ ਛੁੱਟੀ ਦਾ ਸਮਾਂ ਬੀਤਣ ਉਪਰੰਤ ਲੰਬਾ ਸਮਾਂ,

ਗੈਰਹਾਜ਼ਰ ਰਹਿੰਦਾ ਹੈ ਤਾਂ ਇਸ ਦਾ ਸਿੱਧਾ ਭਾਵ ਹੈ ਕਿ ਉਹ ਵਿਭਾਗ ਨੂੰ **Abandon** ਕਰ ਗਿਆ ਹੈ, ਤਾਂ ਸਮਰੱਥ ਅਧਿਕਾਰੀ ਅਜਿਹੇ ਕਰਮਚਾਰੀ ਸਬੰਧੀ ਕਾਰਨ ਰਿਕਾਰਡ ਕਰਨ ਉਪਰੰਤ ਬਿਨ੍ਹਾਂ ਕਿਸੇ ਇਨਕੁਆਰੀ ਕੰਡਕਟ ਕਰਨ ਦੇ ਉਸ ਦੀਆਂ ਸੇਵਾਵਾਂ ਸਮਾਪਤ ਕਰ ਸਕਦਾ ਹੈ।

ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-6-ਸ਼ਾਖਾ) ਦੇ ਹੁਕਮ ਨੰ: 11/08/ 2011-4ਸਿ6/5094 ਮਿਤੀ 3-10-2012 ਰਾਹੀਂ ਪੰਜਾਬ ਰਾਜ ਸਿੱਖਿਆ ਕਲਾਸ-3 (ਸਕੂਲ ਕਾਡਰ) ਸੇਵਾ ਨਿਯਮ 1978 ਦੇ ਅਪੈਂਡਿਕਸ-ਸੀ ਵਿੱਚ ਦਰਜ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮੈਂ **ਕਾਹਨ ਸਿੰਘ ਪੰਨੂ,ਆਈ. ਏ. ਐਸ., ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ, ਸ੍ਰੀਮਤੀ ਹਰਿੰਦਰ ਪਾਲ ਕੌਰ,ਐਸ.ਐਸ.ਮਾਸਟਰ,ਸਮਸ ਬਬਨਪੁਰ ਹੁਣ ਸਹਸ ਹਰਿਆਊ, ਜਿਲਾ ਸੰਗਰੂਰ** ਜੋ **ਮਿਤੀ: 1.9.2007** ਤੋਂ ਵਿਭਾਗ ਨੂੰ **Abandon** ਕਰ ਗਏ ਹਨ, ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਸਮਾਪਤ ਕਰਦਾ ਹਾਂ ।

**ਕਾਹਨ ਸਿੰਘ ਪੰਨੂੰ,ਆਈ. ਏ. ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।**

**ਸ੍ਰੀਮਤੀ ਹਰਿੰਦਰ ਪਾਲ ਕੌਰ,ਐਸ.ਐਸ.ਮਾਸਟਰ,**
**ਸਮਸ ਬਬਨਪੁਰ ਹੁਣ ਸਹਸ ਹਰਿਆਊ**
**ਜਿਲਾ ਸੰਗਰੂਰ।**

ਪਿੱਠ ਅੰਕਣ ਨੰ: ਉਕਤ **ਮਿਤੀ: 08-03-2013**

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਕਰਨ ਲਈ ਭੇਜਿਆ ਜਾਂਦਾ ਹੈ:

1) ਸਕੱਤਰ ਸਕੂਲ ਸਿੱਖਿਆ ਪੰਜਾਬ ਚੰਡੀਗੜ੍ਹ।
2) ਡਾਇਰੈਕਟਰ ਸਿੱਖਿਆ ਵਿਭਾਗ (ਸਸ),ਪੰਜਾਬ, ਅਜੀਤਗੜ੍ਹ
3) ਮੰਡਲ ਸਿੱਖਿਆ ਅਫਸਰ, ਪਟਿਆਲਾ ਮੰਡਲ ਨਾਭਾ,।
4) ਜਿ:ਸਿ:ਅ (ਸੈ:ਸਿ:) ਸੰਗਰੂਰ।

**ਕਾਹਨ ਸਿੰਘ ਪੰਨੂੰ,ਆਈ. ਏ. ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।**